BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਇਸ ਸਰਦੀ ਬਰਫ਼ ਸਾਫ਼ ਕਰਨ ਲਈ ਤਿਆਰ ਹੈ

ਬ੍ਰੈਂਪਟਨ, ਓਨਟੈਰੀਓ (22 ਨਵੰਬਰ, 2020) – ਸਰਦੀ ਦਾ ਮੌਸਮ ਆ ਗਿਆ ਹੈ ਅਤੇ ਬ੍ਰੈਂਪਟਨ ਦੇ ਅਮਲੇ ਤਿਆਰ ਹਨ! ਸਾਡੀ ਟੀਮ ਇਹ ਯਕੀਨੀ ਬਣਾਉਣ ਲਈ ਲਈ ਦਿਨ-ਰਾਤ ਕੰਮ ਕਰਦੀ ਰਹੀ ਹੈ ਕਿ ਅਸੀਂ, ਸੜਕਾਂ, ਸਿਟੀ ਦੀ ਮਾਲਕੀ ਵਾਲੀਆਂ ਪਗਡੰਡੀਆਂ, ਟ੍ਰਾਂਜ਼ਿਟ ਸਟੌਪਸ, ਸਕੂਲ ਦੇ ਚੌਰਾਹਿਆਂ ਅਤੇ ਰੇਕ੍ਰੀਏਸ਼ਨ ਟ੍ਰੇਲਾਂ ਤੋਂ ਬਰਫ਼ ਹਟਾਉਣ ਲਈ ਤਿਆਰ ਹਾਂ, ਤਾਂ ਜੋ ਨਿਵਾਸੀ ਸੁਰੱਖਿਅਤ ਰੂਪ ਨਾਲ ਆਪਣੀ ਮੰਜ਼ਲ ਤੇ ਪਹੁੰਚ ਸਕਣ।

ਸਿਟੀ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਸਰਦੀਆਂ ਦੇ ਮੌਸਮ ਲਈ ਤਿਆਰ ਰਹਿਣਾ ਇੱਕ ਟੀਮ ਯਤਨ ਹੈ ਅਤੇ ਹਰੇਕ ਦੀ ਮਦਦ ਨਾਲ, ਇਹ ਸੀਜਨ ਸਾਰਿਆਂ ਲਈ ਵੱਧ ਸੁਰੱਖਿਅਤ ਹੋ ਸਕਦਾ ਹੈ:

- ਬਰਫ਼ ਪੈਣ ਤੋਂ ਬਾਅਦ ਪਗਡੰਡੀਆਂ ਤੋਂ ਆਈਸ, ਬਰਫ਼ ਅਤੇ ਪੰਘਰ ਰਹੀ ਬਰਫ਼ ਨੂੰ ਤੁਰੰਤ ਸਾਫ਼ ਕਰੋ;
- ਗਲੀਆਂ ਵਿੱਚ ਪਾਰਕਿੰਗ ਦੀ ਇਜਾਜ਼ਤ ਨਹੀਂ ਹੈ ਅਤੇ ਇਹ ਨਿਯਮ ਸਰਦੀ ਦੇ ਮੌਸਮ ਸਬੰਧੀ ਘਟਨਾਵਾਂ ਦੇ ਦੌਰਾਨ ਲਾਗੂ ਰਹੇਗਾ। ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਵਾਹਨਾਂ ਨੂੰ ਹਟਾਓ ਕਿ ਬਰਫ਼ ਹਟਾਉਣ ਵਾਲੇ ਅਤੇ ਐਮਰਜੈਂਸੀ ਵਾਹਨ ਸੁਰੱਖਿਅਤ ਤਰੀਕੇ ਨਾਲ ਗਲੀ ਵਿੱਚ ਆ ਸਕਣ;
- ਜੇਕਰ ਬਰਫ਼ ਪੈਣ ਤੋਂ ਬਾਅਦ 24 ਘੰਟਿਆਂ ਤੋਂ ਵੱਧ ਸਮਾਂ ਬੀਤ ਗਿਆ ਹੈ ਅਤੇ ਤੁਹਾਡੀ ਗਲੀ ਤੇ ਹਾਲੀਂ ਵੀ ਧਿਆਨ ਦੇਣ ਦੀ ਲੋੜ ਹੈ, ਤਾਂ ਸਿਟੀ ਨੂੰ 311 ਤੇ ਫੋਨ ਕਰਕੇ, 311@brampton.ca ਤੇ ਈਮੇਲ ਕਰਕੇ, www.311brampton.ca ਤੇ ਜਾ ਕੇ; ਜਾਂ 311 ਐਪ ਦੀ ਵਰਤੋਂ ਕਰਦੇ ਹੋਏ ਇਸ ਬਾਰੇ ਦੱਸੋ;
- ਯੋਗ ਬਜ਼ੁਰਗਾਂ ਅਤੇ ਅਪਾਹਜਪੁਣਿਆਂ ਵਾਲੇ ਮਕਾਨ ਮਾਲਕਾਂ ਲਈ, ਬਰਫ਼ ਹਟਾਉਣ ਸਬੰਧੀ ਆਰਥਿਕ ਸਹਾਇਤਾ ਉਪਲਬਧ ਹੈ। ਹੋਰ ਜਾਣੋ: ow.ly/D2R050xgPq2.

ਪਿਛਲੇ ਸਾਲ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਲੋਕਲ ਸੜਕਾਂ ਤੇ ਸੇਵਾ ਪੱਧਰਾਂ ਨੂੰ ਵਧਾਉਂਦੇ ਹੋਏ, ਬਰਫ਼ ਦੇ 7.5 ਸੈਂ.ਮੀ. ਢੇਰ ਦੀ ਬਜਾਏ 5.0 ਸੈਂ.ਮੀ. ਤੱਕ ਹੋਣ ਤੇ ਹੀ ਸਾਫ਼ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਇਸਦਾ ਮਤਲਬ ਹੈ ਕਿ ਅਮਲਿਆਂ ਨੂੰ ਸਰਦੀ ਦੇ ਮੌਸਮ ਸਬੰਧੀ ਘਟਨਾ ਦੇ ਦੌਰਾਨ ਵੱਧ ਜਲਦੀ ਨਾਲ ਭੇਜਿਆ ਜਾਂਦਾ ਹੈ। ਇਸਤੋਂ ਇਲਾਵਾ, ਨਿਵਾਸੀ www.brampton.ca/snow ਤੇ ਸਿਟੀ ਦੇ ਪਲੋ ਟ੍ਰੈਕਰ (Plow Tracker) ਦੀ ਵਰਤੋਂ ਕਰਦੇ ਹੋਏ ਅਤੇ ਇਸ ਸਾਲ ਨਵੇਂ, 311 ਮੋਬਾਈਲ ਐਪ ਤੇ ਦੇਖ ਸਕਦੇ ਹਨ ਕਿ ਅਮਲਿਆਂ ਨੇ ਕਿਹੜੀਆਂ ਸੜਕਾਂ ਅਤੇ ਪਗਡੰਡੀਆਂ ਸਾਫ਼ ਕੀਤੀਆਂ ਹਨ।

ਸਿਟੀ ਦੇ ਸਰਦੀ ਦੇ ਸੰਚਾਲਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/snow ਤੇ ਜਾਓ।

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca